प्रेस प्रकाशनी PRESS RELEASE

भारतीय रिज़र्व बैंक
RESERVE BANK OF INDIA

वेबसाइट : www.rbi.org.in/hindi
Website : www.rbi.org.in
ई-मेल/email : helpdoc@rbi.org.in

संचार विभाग, केंद्रीय कार्यालय, एस.बी.एस. मार्ग, फोर्ट, मुंबई - 400 001
Department of Communication, Central Office, S.B.S. Marg, Fort, Mumbai - 400 001
फोन/Phone: 022 - 2266 0502

22 ਜੁਲਾਈ 2022

## ਬੈਂਕਾਂ ਵਿੱਚ ਬੇਦਾਅਵਾ ਡਿਪਾਜ਼ਿਟ ਬਾਰੇ ਆਰ.ਬੀ.ਆਈ. ਦੀ ਚੇਤਾਵਨੀਆਂ

ਬੱਚਤ / ਚਾਲੂ ਖਾਤਿਆਂ, ਜਿਨ੍ਹਾਂ ਨੂੰ 10 ਸਾਲਾਂ ਤੋਂ ਨਹੀਂ ਚਲਾਇਆ ਜਾਂਦਾ ਹੈ, ਵਿੱਚ ਬਕਾਇਆ ਜਾਂ ਮਿਆਦੀ ਜਮ੍ਹਾਂ ਰਕਮਾਂ ਜਿਨ੍ਹਾਂ ਦਾ ਪਰਿਪੱਕਤਾ ਦੀ ਮਿਤੀ ਤੋਂ 10 ਸਾਲਾਂ ਦੇ ਅੰਦਰ ਦਾਅਵਾ ਨਹੀਂ ਕੀਤਾ ਜਾਂਦਾ ਹੈ, ਨੂੰ "ਬੇਦਾਅਵਾ "ਬੇਦਾਅਵਾ ਡਿਪਾਜ਼ਿਟ" ਵਜੋਂ ਸ਼੍ਰੇਣੀਬੱਧ ਕੀਤਾ ਜਾਂਦਾ ਹੈ। ਇਹ ਰਕਮਾਂ ਬੈਂਕਾਂ ਦੁਆਰਾ ਭਾਰਤੀ ਰਿਜ਼ਰਵ ਬੈਂਕ ਵਲੋਂ ਕਾਇਮ ਰੱਖੇ "ਜਮਾਕਰਤਾ ਸਿੱਖਿਆ ਅਤੇ ਜਾਗਰੂਕਤਾ"(DEA) ਫੰਡ ਵਿੱਚ ਟ੍ਰਾਂਸਫਰ ਕੀਤੀਆਂ ਜਾਂਦੀਆਂ ਹਨ। ਹਾਲਾਂਕਿ ਜਮ੍ਹਾਕਰਤਾ, ਬੈਂਕ (ਬੈਂਕਾਂ) ਤੋਂ ਬਾਅਦ ਦੀ ਮਿਤੀ 'ਤੇ ਵੀ ਜਮ੍ਹਾਂ ਰਕਮਾਂ ਦਾ ਦਾਅਵਾ ਵਿਆਜ ਸਮੇਤ (ਲਾਗੂ (ਲਾਗੂ ਹੋਣ ਅਨੁਸਾਰ) ਕਰਨ ਦੇ ਹੱਕਦਾਰ ਹਨ, ਜਿੱਥੇ ਅਜਿਹੀਆਂ ਜਮ੍ਹਾਂ ਰੱਖੀਆਂ ਗਈਆਂ ਸਨ। ਹਾਲਾਂਕਿ, ਸਮੇਂ-ਸਮੇਂ 'ਤੇ ਬੈਂਕਾਂ ਦੇ ਨਾਲ-ਨਾਲ ਆਰ.ਬੀ.ਆਈ. ਦੁਆਰਾ ਚਲਾਈਆਂ ਗਈਆਂ ਜਨਤਕ ਜਾਗਰੂਕਤਾ ਮੁਹਿੰਮਾਂ ਦੇ ਬਾਵਜੂਦ, ਬੇਦਾਅਵਾ ਡਿਪਾਜ਼ਿਟ ਦੀ ਰਕਮ ਵਧਦੀ ਜਾ ਰਹੀ ਹੈ।

ਬੇਦਾਅਵਾ ਡਿਪਾਜ਼ਿਟ ਦੀ ਵਧ ਰਹੀ ਮਾਤਰਾ ਮੁੱਖ ਤੌਰ 'ਤੇ ਬੱਚਤ / ਚਾਲੂ ਖਾਤਿਆਂ, ਜਿਨ੍ਹਾਂ ਨੂੰ ਜਮ੍ਹਾਕਰਤਾ ਹੁਣ ਹੁਣ ਚਲਾਉਣ ਦਾ ਇਰਾਦਾ ਨਹੀਂ ਰੱਖਦੇ, ਦੇ ਬੰਦ ਨਾ ਹੋਣ ਕਾਰਨ ਜਾਂ ਪਰਿਪੱਕ ਮਿਆਦੀ ਜਮ੍ਹਾਂ ਰਕਮਾਂ ਲਈ ਬੈਂਕਾਂ ਨਾਲ ਰਿਡੈਂਪਸ਼ਨ ਦਾਅਵਿਆਂ ਦੇ ਜਮ੍ਹਾ ਨਹੀਂ ਹੋਣ ਕਾਰਨ ਪੈਦਾ ਹੁੰਦੀ ਹੈ। ਇੰਨ੍ਹਾ ਵਿੱਚ ਮ੍ਰਿਤਕ ਜਮ੍ਹਾਂਕਰਤਾਵਾਂ ਦੇ ਦੇ ਖਾਤਿਆਂ ਦੇ ਮਾਮਲੇ ਵੀ ਹਨ, ਜਿੱਥੇ ਨਾਮਜ਼ਦ / ਕਾਨੂੰਨੀ ਵਾਰਸ ਸਬੰਧਤ ਬੈਂਕ (ਬੈਂਕਾਂ) 'ਤੇ ਦਾਅਵਾ ਕਰਨ ਲਈ ਅੱਗੇ ਨਹੀਂ ਆਉਂਦੇ ਹਨ। ਅਜਿਹੇ ਜਮ੍ਹਾਂਕਰਤਾਵਾਂ, ਜਾਂ ਮ੍ਰਿਤਕ ਜਮ੍ਹਾਂਕਰਤਾਵਾਂ ਦੇ ਨਾਮਜ਼ਦ ਵਿਅਕਤੀਆਂ / ਕਾਨੂੰਨੀ ਕਾਨੂੰਨੀ ਵਾਰਸਾਂ ਦੇ ਡਿਪਾਜ਼ਿਟ ਦੀ ਪਛਾਣ ਕਰਨ ਅਤੇ ਦਾਅਵਾ ਕਰਨ ਵਿੱਚ ਮਦਦ ਕਰਨ ਲਈ, ਬੈਂਕ ਪਹਿਲਾਂ ਹੀ ਆਪਣੀ ਵੈੱਬਸਾਈਟ 'ਤੇ ਬੇਦਾਅਵਾ ਡਿਪਾਜ਼ਿਟ ਦੀ ਸੂਚੀ ਕੁਝ ਪਛਾਣਯੋਗ ਵੇਰਵਿਆਂ ਦੇ ਨਾਲ ਉਪਲਬਧ ਕਰਵਾ ਰਹੇ ਹਨ। ਜਨਤਾ ਦੇ ਮੈਂਬਰਾਂ ਨੂੰ ਅਜਿਹੇ ਡਿਪਾਜ਼ਿਟ ਦਾ ਦਾਅਵਾ ਕਰਨ ਲਈ ਸਬੰਧਤ ਬੈਂਕ ਦੀ ਪਛਾਣ ਕਰਨ ਅਤੇ ਉਨ੍ਹਾਂ ਤੱਕ ਪਹੁੰਚ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

**(ਯੋਗੇਸ਼ ਦਯਾਲ)**
ਮੁਖਯ ਮਹਾਪ੍ਰਬੰਧਕ

**ਪ੍ਰੈਸ ਪ੍ਰਕਾਸ਼ਨੀ: 2022-2023/S84**